# ਨਾਵਲਕਾਰ : ਨਾਨਕ ਸਿੰਘ

ਨਾਨਕ ਸਿੰਘ ਦਾ ਜਨਮ 1897 ਈ. ਵਿਚ ਪਾਕਿਸਤਾਨ ਦੇ ਜ਼ਿਲਾ ਜੇਹਲਮ ਦੇ ਪਿੰਡ ਚੱਕ ਹਮੀਦਾਂ ਵਿਖੇ ਪਿਤਾ ਬਹਾਦਰ ਚੰਦ ਖੱਤਰੀ ਦੇ ਘਰ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਹੰਸਰਾਜ ਸੀ। ਆਪ ਦਾ ਬਚਪਨ ਸੰਘਰਸ਼-ਭਰਪੂਰ ਰਿਹਾ। ਅਜੇ ਉਹ ਪੰਜਵੀਂ ਜਮਾਤ ਵਿਚ ਹੀ ਪੜ੍ਹਦੇ ਸਨ ਕਿ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ। ਉਨ੍ਹਾਂ ਦਾ ਪਿਸ਼ਾਵਰ ਵਿਖੇ ਆੜ੍ਹਤ ਦਾ ਕੰਮ ਸੀ। ਛੋਟੀ ਉਮਰ ਵਿਚ ਹੀ ਹੰਸਰਾਜ ਉੱਪਰ ਵੱਡੀਆਂ ਜ਼ਿੰਮੇਵਾਰੀਆਂ ਪੈ ਗਈਆਂ। ਗਿਆਨੀ ਬਾਗ ਸਿੰਘ ਦੇ ਪ੍ਰਭਾਵ ਕਾਰਨ ਉਹ ਬੁਰੀ ਸੰਗਤ ਵਿਚ ਜਾਣੋ ਬਚ ਗਏ। ਨਾਲ ਹੀ ਉਨ੍ਹਾਂ ਦਾ ਹਿਰਦੇ-ਪਰਿਵਰਤਨ ਵੀ ਹੋ ਗਿਆ। ਉਹ ਹੰਸਰਾਜ ਤੋਂ ਨਾਨਕ ਸਿੰਘ ਬਣ ਗਏ। ਉਹ ਸਿੱਖ ਧਰਮ ਵਿਚ ਆ ਕੇ ਗਿਆਨੀ ਸ਼ੇਰ ਸਿੰਘ ਵਰਗੀਆਂ ਸਖ਼ਸ਼ੀਅਤਾਂ ਤੋਂ ਵੀ ਪ੍ਰਭਾਵਿਤ ਹੋਏ। ਉਹ ਇਕ ਸ਼ਰੋਮਣੀ ਕਵੀਸ਼ਰ ਵੀ ਸਨ।

ਅਕਾਲੀ ਮੋਰਚਿਆਂ ਦੌਰਾਨ ਨਾਨਕ ਸਿੰਘ ਨੂੰ ਜੇਲ੍ਹ ਵੀ ਜਾਣਾ ਪਿਆ। ਉਹ ਹਿੰਦੀ ਨਾਵਲਕਾਰ ਮੁਨਸ਼ੀ ਪ੍ਰੇਮ ਚੰਦ ਦੀਆਂ ਲਿਖਤਾਂ ਤੋਂ ਬਹੁਤ ਪ੍ਰਭਾਵਿਤ ਸਨ। ਜੇਲ੍ਹ ਵਿਚ ਗੁਜ਼ਾਰੇ ਸਮੇਂ ਨੇ ਨਾਨਕ ਸਿੰਘ ਨੂੰ ਸਾਹਿਤ ਵੱਲ ਪ੍ਰੇਰਿਤ ਕੀਤਾ। 1922 ਈ. ਨੂੰ ਗੁਰੂ ਕੇ ਬਾਗ ਮੋਰਚੇ ਦੌਰਾਨ ਉਨ੍ਹਾਂ ਨੇ ਲਾਹੌਰ ਦੀ ਬੋਰਸਟਨ ਜੇਲ੍ਹ ਵਿਚ 'ਅੱਧਖਿੜੀ ਕਲੀ' ਨਾਵਲ ਦਾ ਖਰੜਾ ਤਿਆਰ ਕੀਤਾ। ਪਰ ਇਸ ਨਾਵਲ ਨੂੰ ਜੇਲ੍ਹ ਅਧਿਕਾਰੀਆਂ ਨੇ ਜ਼ਬਤ ਕਰ ਲਿਆ। ਭਾਵੇਂ ਨਾਨਕ ਸਿੰਘ ਦਾ ਇਹ ਨਾਵਲ ਜ਼ਬਰ ਦਾ ਸ਼ਿਕਾਰ ਹੋ ਗਿਆ, ਪਰ ਉਨ੍ਹਾਂ ਦੇ ਇਸ ਉੱਦਮ ਸਦਕਾ ਉਨ੍ਹਾਂ ਵਿਚ ਇਕ ਨਾਵਲਕਾਰ ਬਣਨ



**ਔਖੇ ਸ਼ਬਦਾਂ ਦੇ ਅਰਥ**

- ਨਾਵਲਕਾਰ : ਨਾਵਲ ਲਿਖਣ ਵਾਲਾ ਲੇਖਕ
- ਆੜ੍ਹਤ : ਮਾਲ ਦੇ ਖਰੀਦਣ ਤੇ ਵੇਚਣ ਵਾਲੀ ਏਜੰਸੀ, ਦਲਾਲੀ
- ਕਵੀਸ਼ਰ : ਕਵੀ, ਸ਼ਾਇਰ, ਗਵੱਈਆ
- ਲਿਖਤਾਂ : ਰਚਨਾਵਾਂ
- ਖਰੜਾ : ਹੱਥ-ਲਿਖਤ, ਸੈਂਚੀ, ਮਸੌਦਾ
- ਜ਼ਬਤ : ਅਧਿਕਾਰ ਜਾਂ ਕਬਜ਼ੇ ਵਿਚ ਲੈਣਾ, ਨਿਯੰਤ੍ਰਣ
- ਜ਼ਬਰ : ਜ਼ੁਲਮ, ਵਧੀਕੀ, ਧੱਕੇਸ਼ਾਹੀ
- ਉੱਦਮ : ਕੋਸ਼ਿਸ਼, ਉਪਰਾਲਾ

ਦੀ ਸੰਭਾਵਨਾ ਉਤਪੰਨ ਹੋ ਗਈ।



ਜੇਲ੍ਹ ਤੋਂ ਰਿਹਾਅ ਹੋਣ ਉਪਰੰਤ ਨਾਨਕ ਸਿੰਘ ਨੇ ਨਾਵਲ ਲਿਖਣ ਵਿਚ ਵਿਸ਼ੇਸ਼ ਰੁਚੀ ਦਿਖਾਈ। ਉਨ੍ਹਾਂ ਤੋ ਪਹਿਲਾਂ ਪੰਜਾਬੀ ਵਿਚ ਧਾਰਮਕ ਨਾਵਲ ਲਿਖਣ ਦੀ ਪਰੰਪਰਾ ਸੀ। ਪਰ ਨਾਨਕ ਸਿੰਘ ਨੇ ਆਪਣੀ ਕਲਮ ਦਾ ਰੁਖ ਸਮਾਜਕ ਵਿਸ਼ਿਆਂ ਵੱਲ ਮੋੜਿਆ। ਜੇਲ੍ਹ ਤੋਂ ਬਾਹਰ ਆ ਕੇ ਉਨ੍ਹਾਂ ਨੇ ਸਮਾਜਕ ਨਾਵਲਾਂ 'ਮਤਰੇਈ ਮਾਂ', 'ਕਾਲ ਚੱਕਰ', 'ਪ੍ਰੇਮ ਸੰਗੀਤ', ਅਤੇ 'ਮਿੱਠਾ ਮਹੁਰਾ' ਦੀ ਰਚਨਾ ਕੀਤੀ।

ਨਾਨਕ ਸਿੰਘ ਇਕ ਮਨੋਵਿਗਿਆਨੀ ਸਨ। ਉਹ ਸਮਾਜਕ ਸੁਧਾਰਾਂ ਦੇ ਹੱਕ ਵਿਚ ਸਨ। ਔਰਤ ਪ੍ਰਤੀ ਉਨ੍ਹਾਂ ਦੇ ਮਨ ਵਿਚ ਵਿਸ਼ੇਸ਼ ਸਤਿਕਾਰ ਸੀ। ਉਨ੍ਹਾਂ ਦਾ ਇਹ ਗੁਣ ਉਨ੍ਹਾਂ ਵਲੋਂ ਰਚੇ ਨਾਵਲਾਂ ਵਿਚ ਪ੍ਰਤੱਖ ਨਜ਼ਰ ਆਉਂਦਾ ਹੈ। ਉਹ ਇਕ ਯਥਾਰਥਵਾਦੀ ਨਾਵਲਕਾਰ ਸਨ। ਉਨ੍ਹਾਂ ਨੇ ਨਾਵਲਾਂ ਰਾਹੀਂ ਸਮਾਜਕ ਵਿਕਾਰਾਂ ਨੂੰ ਪੇਸ਼ ਕੀਤਾ। ਮੱਧ ਸ਼੍ਰੇਣੀ ਦੇ ਪਾਤਰਾਂ ਰਾਹੀਂ ਉਹ ਆਪਣੇ ਵਿਚਾਰਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾਉਂਦੇ ਸਨ। ਉਨ੍ਹਾਂ ਦੇ ਨਾਵਲ ਨਾਰੀ ਦੀਆਂ ਮਹਾਨ ਸਮੱਸਿਆਵਾਂ ਨਾਲ ਸੰਬੰਧਤ ਹਨ। 'ਚਿੱਟਾ ਲਹੂ' ਤੇ 'ਪ੍ਰੇਮ ਸੰਗੀਤ' ਨਾਵਲਾਂ ਵਿਚ ਨਾਨਕ ਸਿੰਘ ਦੀ ਨਾਰੀ-ਚੇਤਨਾ ਦੇ ਦੀਦਾਰ ਹੁੰਦੇ ਹਨ। ਨਾਵਲ 'ਅੱਧ ਖਿੜਿਆ ਫੁੱਲ' ਦੀ ਪਾਤਰ ਸਰੋਜ ਬਾਲ-ਵਿਧਵਾ ਦੀ ਸਮੱਸਿਆ ਕਾਰਨ ਸੁਖ ਨਹੀਂ ਮਾਣ ਸਕਦੀ। ਨਾਨਕ ਸਿੰਘ ਨੇ ਆਪਣੇ ਜਤਨਾਂ ਰਾਹੀਂ ਪੰਜਾਬੀ ਨਾਵਲ ਦਾ ਰੁੱਖ ਪੱਛਮੀ ਨਾਵਲ ਵੱਲ ਮੋੜਿਆ।


ਪੰਜਾਬੀ ਨਾਵਲ ਦੇ ਖੇਤਰ ਵਿਚ ਪਾਠਕਾਂ ਦਾ ਘੇਰਾ ਵਧਾਉਣ ਵਿਚ ਨਾਨਕ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਦੇ ਜੀਵਨ-ਕਾਲ ਵਿਚ ਪੰਜਾਬੀ ਪਾਠਕਾਂ ਦੀ ਗਿਣਤੀ ਬਹੁਤ ਘੱਟ ਸੀ। ਨਾਨਕ ਸਿੰਘ ਤੋ ਪਹਿਲਾਂ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ ਤੇ ਚਰਨ ਸਿੰਘ ਸ਼ਹੀਦ ਨੇ ਕੁਝ ਧਾਰਮਕ ਤੇ ਸਮਾਜਕ ਨਾਵਲ ਲਿਖ ਕੇ ਪਾਠਕਾਂ ਨੂੰ ਪ੍ਰੇਰਨ ਦੀ ਕੋਸ਼ਿਸ਼ ਕੀਤੀ। ਪਰ ਇਹ ਨਾਕਾਫ਼ੀ ਸੀ। ਉਪਰੋਕਤ ਨਾਵਲਕਾਰਾਂ ਤੋਂ ਬਾਅਦ ਨਾਨਕ ਸਿੰਘ ਨੇ ਪੰਜਾਬੀ ਪਾਠਕਾਂ ਨੂੰ ਵੱਡੀ ਪੱਧਰ ਉੱਪਰ ਨਾਵਲ ਵੱਲ ਆਕਰਸ਼ਿਤ ਕੀਤਾ। ਪੰਦਰਾਂ-ਵੀਹ ਸਾਲਾਂ ਤਕ ਉਹ ਇਕੱਲੇ ਹੀ ਪਾਠਕਾਂ ਦੀ ਨਾਵਲ ਪੜ੍ਹਨ ਦੀ ਰੀਝ ਪੂਰੀ ਕਰਦੇ ਰਹੇ। ਵਣਜਾਰਾ ਬੇਦੀ

### ਔਖੇ ਸ਼ਬਦਾਂ ਦੇ ਅਰਥ

ਉਤਪੰਨ : ਪੈਦਾ
ਰਿਹਾਅ : ਜੇਲ੍ਹ ਵਿਚੋਂ ਛੁੱਟ ਜਾਣਾ, ਮੁਕਤ ਹੋਣਾ,
ਰੁਚੀ : ਦਿਲਚਸਪੀ
ਰੁਖ : ਦਿਸ਼ਾ
ਵਿਕਾਰਾਂ : ਦੋਸ਼ਾਂ, ਵਿਗਾੜਾਂ
ਦੀਦਾਰ : ਦਰਸ਼ਨ
ਰੀਝ : ਇੱਛਾ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਪਿਰਤ | : ਪਰੰਪਰਾ, ਰਿਵਾਜ |
| ਮੁਹਾਰਤ | : ਹੁਨਰ, ਅਨੁਭਵ |
| ਜਜ਼ਬੇ | : ਭਾਵਨਾ |
| ਮਾਧਿਅਮ | : ਸਾਧਨ, ਵਸੀਲਾ |
| ਪ੍ਰੈੱਸ | : ਛਾਪਾਖਾਨਾ, ਪੁਸਤਕਾਂ ਛਾਪਣ ਵਾਲੀ ਥਾਂ/ਕੰਪਨੀ |
| ਰੁਝਾਨ | : ਝੁਕਾਅ, ਰੁਚੀ |
| ਮਾਯੂਸ | : ਨਿਰਾਸ਼, ਨਾਉਮੀਦ |




ਦਾ ਮੰਨਣਾ ਹੈ ਕਿ ਸਮੁੱਚੇ ਪੰਜਾਬੀਆਂ ਵਿਚ ਪੜ੍ਹਨ ਲਈ ਨਾਵਲ ਲਿਖਣ ਦੀ ਪਿਰਤ ਨਾਨਕ ਸਿੰਘ ਨੇ ਹੀ ਤੋਰੀ। ਉਹ ਪਾਠਕਾਂ ਦੀ ਰੁਚੀ ਤੇ ਲੋੜ ਨੂੰ ਧਿਆਨ ਵਿਚ ਰੱਖ ਕੇ ਰਚਨਾ ਕਰਦੇ ਸਨ। ਕਹਾਣੀ ਰਸ ਨੂੰ ਉਹ ਵਿਸ਼ੇਸ਼ ਮਹੱਤਵ ਦਿੰਦੇ ਸਨ। ਰਚਨਾਤਮਕ ਪੇਸ਼ਕਾਰੀ ਦੀ ਮੁਹਾਰਤ ਕਾਰਨ ਪਾਠਕ ਹਮੇਸ਼ਾ ਉਨ੍ਹਾਂ ਦੇ ਅਗਲੇ ਨਾਵਲ ਦੀ ਉਡੀਕ ਕਰਨ ਲੱਗਦੇ ਸਨ। ਬਲਰਾਜ ਸਾਹਨੀ ਦਾ ਕਹਿਣਾ ਹੈ ਕਿ ਨਾਨਕ ਸਿੰਘ ਦੇ ਨਾਵਲਾਂ ਵਿਚ ਮੁਨਸ਼ੀ ਪ੍ਰੇਮ ਚੰਦ ਦੇ ਨਾਵਲਾਂ ਵਾਲੇ ਗੁਣ ਮੌਜੂਦ ਹਨ। ਜਿੰਨਾ ਪਿਆਰ ਪ੍ਰੇਮ ਚੰਦ ਨੂੰ ਹਿੰਦੀ ਤੇ ਉਰਦੂ ਪਾਠਕਾਂ ਦਾ ਮਿਲਦਾ ਸੀ ਉਸੇ ਤਰ੍ਹਾਂ ਨਾਨਕ ਸਿੰਘ ਨੂੰ ਪੰਜਾਬੀ ਪਾਠਕਾਂ ਨੇ ਬਹੁਤ ਪਸੰਦ ਕੀਤਾ।

ਨਾਨਕ ਸਿੰਘ ਨੇ ਗੁਰਬਖ਼ਸ਼ ਸਿੰਘ ਦੀ ਪ੍ਰੀਤ ਲਹਿਰ ਤੋਂ ਪ੍ਰਭਾਵਿਤ ਹੋ ਕੇ ਮੋਹ-ਪਿਆਰ ਦੇ ਜਜ਼ਬੇ ਨੂੰ ਆਪਣੇ ਨਾਵਲਾਂ ਦਾ ਹਿੱਸਾ ਬਣਾਇਆ। ਇਹ ਝਲਕ ਉਨ੍ਹਾਂ ਦੇ ਨਾਵਲਾਂ 'ਅੱਧ ਖਿੜਿਆ ਫੁੱਲ', 'ਪਵਿੱਤਰ ਪਾਪੀ' ਤੇ 'ਪਿਆਰ ਦੀ ਦੁਨੀਆ' ਵਿਚ ਮਿਲਦੀ ਹੈ। ਉਨ੍ਹਾਂ ਦੇ ਨਾਵਲਾਂ ਦੀ ਸਫ਼ਲਤਾ ਦਾ ਰਾਜ਼ ਉਨ੍ਹਾਂ ਵਿਚਲੀਆਂ ਆਕਰਸ਼ਕ ਕਹਾਣੀਆਂ ਹਨ। ਪਾਠਕ ਉਨ੍ਹਾਂ ਦੇ ਨਾਵਲ ਨੂੰ ਇਕੋ ਬੈਠਕ ਵਿਚ ਮੁਕਾਉਣ ਦੀ ਕੋਸ਼ਿਸ਼ ਕਰਦੇ ਹਨ। ਦੇਸ਼ ਦੀ ਅਜ਼ਾਦੀ ਨਾਲ ਸੰਬੰਧਤ ਉਨ੍ਹਾਂ ਦੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ। ਉਨ੍ਹਾਂ ਦੇ ਨਾਵਲ 'ਪਵਿੱਤਰ ਪਾਪੀ' ਉੱਪਰ ਬਲਰਾਜ ਸਾਹਨੀ ਨੇ ਹਿੰਦੀ ਫ਼ਿਲਮ ਬਣਾਈ।

ਨਾਨਕ ਸਿੰਘ 'ਕਲਾ ਕਲਾ ਲਈ' ਸਿਧਾਂਤ ਦੇ ਵਿਰੁੱਧ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਸਾਹਿਤ, ਸਾਹਿਤ ਲਈ ਨਾ ਹੋ ਕੇ ਸਮਾਜ ਲਈ ਹੁੰਦਾ ਹੈ। ਇਸ ਲਈ ਨਾਨਕ ਸਿੰਘ ਨੇ ਸਮਾਜਕ ਬੁਰਾਈਆਂ ਨੂੰ ਦੂਰ ਕਰਨ ਲਈ ਸਾਹਿਤ ਖ਼ਾਸ ਕਰਕੇ ਨਾਵਲ ਰਚਨਾ ਨੂੰ ਆਪਣਾ ਮਾਧਿਅਮ ਬਣਾਇਆ। ਉਹ ਆਪ ਇਕ ਕਰਮਯੋਗੀ ਸਨ ਜਿਨ੍ਹਾਂ ਨੇ ਸ਼ਾਹਕਾਰ ਨਾਵਲਾਂ ਦੀ ਰਚਨਾ ਕੀਤੀ।

ਪੰਜਾਬੀ ਲੇਖਕਾਂ ਵਲੋਂ ਮਾਸਿਕ ਪੱਤਰ ਕੱਢਣ, ਪ੍ਰੈੱਸ ਖੋਲ੍ਹਣ ਤੇ ਬੰਦ ਕਰਨ ਦੀ ਪਰੰਪਰਾ ਅਨੁਸਾਰ ਨਾਨਕ ਸਿੰਘ ਨੇ ਵੀ ਜ਼ਿੰਦਗੀ ਵਿਚ ਕਈ ਤਜ਼ਰਬੇ ਕੀਤੇ। ਉਨ੍ਹਾਂ ਨੇ ਵੀ ਇਸ ਰੁਝਾਨ ਨੂੰ ਅਪਣਾਇਆ। ਉਨ੍ਹਾਂ ਨੇ ਪ੍ਰੈੱਸ ਖੋਲ੍ਹੇ ਤੇ ਬੰਦ ਕਰ ਦਿੱਤੇ। ਕਾਰੋਬਾਰ ਵਿਚ ਕਰਜ਼ਾ ਚੜ੍ਹ ਜਾਣ ਕਰਕੇ ਉਨ੍ਹਾਂ ਨੂੰ ਮਾਯੂਸ ਹੋਣਾ ਪਿਆ। 1950 ਵਿਚ ਉਨ੍ਹਾਂ ਨੇ 'ਲੋਕ ਸਾਹਿਤ' ਨਾਂ ਦਾ ਮਾਸਕ ਰਸਾਲਾ ਸ਼ੁਰੂ ਕੀਤਾ। ਪੰਜ ਸਾਲਾਂ ਤਕ ਛਾਪ ਕੇ ਮੁਫ਼ਤ ਵੰਡਣ ਉਪਰੰਤ ਇਸ ਨੂੰ ਵੀ ਬੰਦ ਕਰਨਾ ਪਿਆ।

ਡਲਹੌਜ਼ੀ ਦਾ ਰੰਗੀਨ ਵਾਤਾਵਰਨ ਨਾਨਕ ਸਿੰਘ ਨੂੰ ਬਹੁਤ ਪਸੰਦ ਸੀ। ਇਥੇ ਉਨ੍ਹਾਂ ਨੇ ਬਹੁਤ ਸਾਰੇ ਨਾਵਲ ਲਿਖੇ। ਨਾਨਕ ਸਿੰਘ ਨੇ 36 ਨਾਵਲ ਲਿਖੇ। ਸਾਹਿਤ ਦੀਆਂ ਹੋਰ ਵਿਧਾਵਾਂ ਉੱਪਰ ਵੀ ਉਨ੍ਹਾਂ ਨੇ ਹੱਥ ਅਜ਼ਮਾਇਆ। ਉਨ੍ਹਾਂ ਨੇ ਛੇ ਕਹਾਣੀ-ਸੰਗ੍ਰਹਿ, ਕਵਿਤਾ, ਨਾਟਕ, ਲੇਖ ਅਤੇ ਸਵੈ-ਜੀਵਨੀ ਦੀ ਰਚਨਾ ਕੀਤੀ। ਉਨ੍ਹਾਂ ਦਾ

ਸਾਹਿਤ ਹੋਰਨਾਂ ਭਾਸ਼ਾਵਾਂ ਵਿਚ ਵੀ ਅਨੁਵਾਦ ਹੋਇਆ। ਭਾਵੇਂ ਨਾਨਕ ਸਿੰਘ ਨੇ ਸਾਹਿਤ ਦੀਆਂ ਵੱਖੋ-ਵੱਖਰੀਆਂ ਵਿਧਾਵਾਂ ਲਈ ਕਲਮ ਚਲਾਈ, ਪਰ ਉਨ੍ਹਾਂ ਨੂੰ ਪ੍ਰਸਿੱਧੀ ਨਾਵਲ ਦੇ ਖੇਤਰ ਵਿਚ ਹੀ ਮਿਲੀ। ਨਾਨਕ ਸਿੰਘ ਨੇ 'ਮੇਰੀ ਦੁਨੀਆ' ਨਾਂ ਦੀ ਸਵੈ-ਜੀਵਨੀ ਵੀ ਲਿਖੀ।

ਸਾਹਿਤਕਾਰ ਹੋਣ ਦੇ ਨਾਲ-ਨਾਲ ਨਾਨਕ ਸਿੰਘ ਇਕ ਸਫ਼ਲ ਗ੍ਰਿਹਸਥੀ ਸਨ। ਪਰਿਵਾਰਕ ਜ਼ਿੰਮੇਵਾਰੀਆਂ ਨੂੰ ਉਨ੍ਹਾਂ ਨੇ ਬਾਖ਼ੂਬੀ ਨਿਭਾਇਆ। ਆਪ ਜੀ ਦੀ ਧਰਮ-ਪਤਨੀ ਰਾਜ ਕੌਰ ਨੇ ਉਨ੍ਹਾਂ ਦਾ ਪੂਰਾ ਸਾਥ ਦਿੱਤਾ। ਉਹ ਨਾਨਕ ਸਿੰਘ ਲਈ ਪੂਰੀ ਤਰ੍ਹਾਂ ਸਮਰਪਿਤ ਸਨ। ਪਤੀ ਦੀਆਂ ਰਚਨਾਵਾਂ ਪੜ੍ਹ ਕੇ ਉਹ ਉਨ੍ਹਾਂ ਦੀ ਪ੍ਰਸੰਸਾ ਕਰਦੇ ਸਨ। ਉਹ ਨਾਨਕ ਸਿੰਘ ਨੂੰ ਹੋਰ ਲਿਖਣ ਦੀ ਹੱਲਾਸ਼ੇਰੀ ਦਿੰਦੇ ਸਨ। ਉਹ ਆਪ ਕਿਹਾ ਕਰਦੇ ਸਨ, "ਪਰਿਵਾਰਕ ਤੌਰ 'ਤੇ ਜਿਹੜਾ ਸੁਖ ਮੈਨੂੰ ਪ੍ਰਾਪਤ ਹੈ, ਕਿਸੇ ਲੱਖਾਂ ਜਾਂ ਕਰੋੜਾਂਪਤੀ ਨੂੰ ਵੀ ਪ੍ਰਾਪਤ ਨਹੀਂ ਹੁੰਦਾ ਹੋਵੇਗਾ। ਇਸ ਤੋਂ ਵੱਡੀ ਦੌਲਤ ਹੋਰ ਕੋਈ ਨਹੀਂ ਹੈ।" ਨਾਨਕ ਸਿੰਘ ਨੇ ਮਾਨਵ-ਦਰਦ ਨੂੰ ਵੇਖਿਆ ਨਹੀਂ ਜੀਵਿਆ ਹੈ। ਉਹ ਆਪਣੀ ਮਾਂ ਨੂੰ 'ਬਦਨਸੀਬ ਮਾਂ' ਕਹਿੰਦੇ ਸਨ ਜੋ ਜੁਆਨੀ ਵਿਚ ਹੀ ਵਿਧਵਾ ਹੋ ਕੇ ਆਪਣੇ ਬੱਚਿਆਂ ਲਈ ਸੰਘਰਸ਼ ਕਰਦੀ ਰਹੀ।

ਉਹ ਇਕ ਮਾਨਵਵਾਦੀ ਲੇਖਕ ਸਨ। ਉਨ੍ਹਾਂ ਦੀ ਇਹ ਭਾਵਨਾ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪ੍ਰਗਟ ਹੋ ਜਾਂਦੀ ਹੈ। ਨਾਲ ਹੀ ਉਹ ਦੇਸ਼-ਭਗਤੀ ਦੇ ਹਾਮੀ ਸਨ।ਉਨ੍ਹਾਂ ਦੀਆਂ ਕਿਰਤਾਂ ਵਿਚੋਂ ਸਮਾਜ-ਸੁਧਾਰ ਦੇ ਨਾਲ-ਨਾਲ ਦੇਸ਼-ਪਿਆਰ ਦੀ ਭਾਵਨਾ ਵੀ ਉਤਪੰਨ ਹੁੰਦੀ ਹੈ। ਨਾਨਕ ਸਿੰਘ ਅਨੁਸਾਰ, "ਨਾਵਲਕਾਰ ਆਪਣੇ ਸਮਾਜ ਦਾ ਪਥ-ਪਰਦਸ਼ਕ ਵੀ ਹੈ, ਚੌਕੀਦਾਰ ਵੀ ਹੈ ਤੇ ਡਾਕਟਰ ਵੀ।"

ਨਾਨਕ ਸਿੰਘ ਦੇ ਜੀਵਨ ਉਪਰੰਤ ਵੀ ਉਨ੍ਹਾਂ ਨੂੰ ਪੂਰਾ ਮਾਨ-ਸਨਮਾਨ ਮਿਲਿਆ।1997 ਵਿਚ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੇ ਉਨ੍ਹਾਂ ਦੀ ਜਨਮ ਸ਼ਤਾਬਦੀ ਉੱਪਰ ਇਕ ਡਾਕ ਟਿਕਟ ਜਾਰੀ ਕਰਕੇ ਉਨ੍ਹਾਂ ਦੀ ਲੇਖਣੀ ਨੂੰ ਸ਼ਰਧਾਂਜਲੀ ਦਿੱਤੀ। ਪੰਜਾਬੀ ਸਾਹਿਤਕਾਰਾਂ ਨੇ ਨਾਨਕ ਸਿੰਘ ਦੀ ਤੁਲਨਾ ਮੁਨਸ਼ੀ ਪ੍ਰੇਮ ਚੰਦ, ਮੈਥਿਊ ਆਰਨਲਡ, ਚਾਰਲਸ ਡਿਕਨਜ਼ ਆਦਿ ਮਹਾਨ ਲੇਖਕਾਂ ਨਾਲ ਕੀਤੀ ਹੈ।

ਨਾਨਕ ਸਿੰਘ ਦਾ ਪੰਜਾਬੀ ਨਾਵਲ ਦੇ ਵਿਕਾਸ ਵਿਚ ਬਹੁਤ ਵੱਡਾ ਯੋਗਦਾਨ ਹੈ। ਭਾਵੇਂ ਉਨ੍ਹਾਂ ਨੇ ਬਾਕਾਇਦਾ ਉੱਚ ਵਿਦਿਆ ਹਾਸਲ ਨਹੀਂ ਕੀਤੀ, ਪਰ ਉਹ ਆਪਣੇ ਪਾਠਕਾਂ ਲਈ ਚਾਨਣ ਮੁਨਾਰਾ ਬਣੇ। ਨਾਵਲਕਾਰ ਨਾਨਕ ਸਿੰਘ 1971 ਈ. ਵਿਚ ਸਦੀਵੀ ਵਿਛੋੜਾ ਦੇ ਗਏ ਸਨ। ਉਹ ਆਖ਼ਿਰੀ ਸਾਹਾਂ ਤਕ ਸਾਹਿਤ ਰਚਨਾ ਵਿਚ ਵਿਅਸਤ ਰਹੇ। ਨਾਨਕ ਸਿੰਘ ਦੇ ਇਨ੍ਹਾਂ ਗੁਣਾਂ ਕਰਕੇ ਪੰਜਾਬੀ ਪਾਠਕ ਹਮੇਸ਼ਾ ਉਨ੍ਹਾਂ ਨੂੰ ਸਦਾ ਯਾਦ ਰੱਖਣਗੇ।

**ਜਸਵਿੰਦਰ ਕੌਰ**

**ਔਖੇ ਸ਼ਬਦਾਂ ਦੇ ਅਰਥ**

ਵਿਧਾਵਾਂ : ਰੂਪਾਂ
ਮਾਨਵ : ਮਨੁੱਖੀ
ਵਿਅਸਤ : ਰੁਝੇ
ਜੀਵਿਆ : ਹੰਢਾਇਆ
ਕਿਰਤਾਂ : ਰਚਨਾਵਾਂ
ਪਥ-ਪਰਦਸ਼ਕ : ਮਾਰਗ ਦਰਸ਼ਕ, ਰਾਹ ਦਿਖਾਉਣ ਵਾਲਾ



## ਟਿੱਪਣੀ

ਇਸ ਜੀਵਨੀ ਵਿਚ ਸਾਨੂੰ ਪਤਾ ਚਲਦਾ ਹੈ ਕਿ ਨਾਵਲਕਾਰ ਨਾਨਕ ਸਿੰਘ ਨੇ ਜੀਵਨ ਦੇ ਸੰਘਰਸ਼ ਵਿਚੋਂ ਕਿਸ ਤਰ੍ਹਾਂ ਇਕ ਸਫ਼ਲ ਲੇਖਕ ਦਾ ਖ਼ਿਤਾਬ ਹਾਸਲ ਕੀਤਾ। ਨਾਨਕ ਸਿੰਘ ਖੱਤਰੀ ਪਰਿਵਾਰ ਦੇ ਜੰਮਪਲ ਸਨ। ਇਨ੍ਹਾਂ ਦੇ ਪਿਤਾ ਜੀ ਆੜ੍ਹਤ ਦਾ ਕੰਮ ਕਰਦੇ ਸੀ ਤੇ ਉਨ੍ਹਾਂ ਦੇ ਅਕਾਲ-ਚਲਾਣੇ ਤੋਂ ਬਾਅਦ ਨਾਨਕ ਸਿੰਘ, ਜਿਸ ਦਾ ਪਹਿਲਾ ਨਾਂ 'ਹੰਸਰਾਜ' ਸੀ ਨੇ ਆਪਣੇ ਪਿਤਾ ਦਾ ਕਾਰੋਬਾਰ ਸੰਭਾਲਿਆ ਪਰ ਕਾਮਯਾਬ ਨਾ ਹੋਏ। ਬਚਪਨ ਦੀਆਂ ਗ਼ਲਤੀਆਂ ਤੋਂ ਬਾਅਦ ਗਿਆਨੀ ਬਾਗ ਸਿੰਘ ਦੇ ਸੰਪਰਕ ਵਿਚ ਆ ਕੇ ਸਿੱਖ ਧਰਮ ਦੇ ਧਾਰਨੀ ਬਣੇ ਤੇ ਧਰਮ ਯੁੱਧ ਵਿਚ ਹਿੱਸਾ ਲੈਣ ਕਰਕੇ ਜੇਲ੍ਹ ਯਾਤਰਾ ਵੀ ਕੀਤੀ।

ਜੇਲ੍ਹ ਵਿਚ ਹੀ ਉਹ ਮੁਨਸ਼ੀ ਪ੍ਰੇਮ ਚੰਦ ਦੇ ਨਾਵਲ ਪੜ੍ਹ ਕੇ ਬਹੁਤ ਪ੍ਰਭਾਵਿਤ ਹੋਏ ਤੇ ਪੰਜਾਬੀ ਨਾਵਲ ਦੇ ਪਿਤਾਮਾ ਦੇ ਰੂਪ ਵਿਚ ਸਾਹਿਤ ਪ੍ਰੇਮੀਆਂ ਵਿਚ ਜਾਣੇ ਜਾਣ ਲਗ ਪਏ। ਆਪ ਨੇ ਲਗਭਗ ਤਿੰਨ ਦਰਜਨ ਨਾਵਲ ਲਿਖੇ। ਆਪ ਦੇ ਨਾਵਲ ਯਥਾਰਥਵਾਦ ਉਪਰ ਆਧਾਰਿਤ ਹਨ। ਸਮਾਜਕ ਸਮੱਸਿਆਵਾਂ ਨੂੰ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ। ਬਹੁਤ ਸਾਰੀਆਂ ਕਹਾਣੀਆਂ, ਲੇਖ ਤੇ ਨਾਵਲ ਪੰਜਾਬੀ ਸਾਹਿਤ ਦੀ ਝੋਲੀ ਪਾਏ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਨਾਲ ਆਪ ਜੀ ਦਾ ਬਹੁਤ ਪਿਆਰ ਸੀ ਤੇ ਉਨ੍ਹਾਂ ਦੇ ਵਸਾਏ ਪ੍ਰੀਤ ਨਗਰ ਵਿਚ ਆਪ ਨੇ ਆਪਣੀ ਰਿਹਾਇਸ਼ ਕੀਤੀ। ਨਾਨਕ ਸਿੰਘ ਆਪਣੇ ਪਰਿਵਾਰ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਤੇ, ਰਿਸ਼ਤਿਆਂ ਨੂੰ ਨਿਭਾਉਣ ਵਾਲੇ ਹਰਮਨ ਪਿਆਰੇ ਵਿਅਕਤੀ ਸਨ। ਫ਼ਿਲਮੀ ਕਲਾਕਾਰ ਤੇ ਮਾਂ-ਬੋਲੀ ਪੰਜਾਬੀ ਦੇ ਪ੍ਰਸ਼ੰਸਕ ਬਲਰਾਜ ਸਾਹਨੀ ਨੇ ਉਨ੍ਹਾਂ ਦੇ ਪ੍ਰਸਿਧ ਨਾਵਲ 'ਪਵਿੱਤਰ ਪਾਪੀ' 'ਤੇ ਫ਼ਿਲਮ ਬਣਾ ਕੇ ਦਰਸ਼ਕਾਂ ਨੂੰ ਉੱਤਮ ਕਲਾ ਭੇਟ ਕੀਤੀ। ਨਾਨਕ ਸਿੰਘ ਨੂੰ ਆਪਣੀਆਂ ਉਤਮ ਰਚਨਾਵਾਂ ਕਰਕੇ ਕਈ ਉੱਚ ਪੱਧਰੀ ਮਾਨ-ਸਨਮਾਨ ਵੀ ਮਿਲੇ।

## ਅਭਿਆਸ

**1. ਦੱਸੋ ਖਾਂ ਭਲਾ :**

(i) ਨਾਨਕ ਸਿੰਘ ਦਾ ਪਹਿਲਾ ਨਾਂ ਕੀ ਸੀ ?

(ii) ਨਾਨਕ ਸਿੰਘ ਨੇ ਕਿਹੜੀ ਪੱਧਰ ਤੱਕ ਵਿਦਿਅਕ ਯੋਗਤਾ/ਪੜ੍ਹਾਈ ਹਾਸਲ ਕੀਤੀ?

(iii) ਨਾਨਕ ਸਿੰਘ ਕਿਹੜੇ ਨਾਵਲਕਾਰ ਦੀ ਰਚਨਾ ਪੜ੍ਹਕੇ ਪੰਜਾਬੀ ਨਾਵਲ ਲਿਖਣ ਲਈ ਪ੍ਰੇਰਿਤ ਹੋਇਆ ?

(iv) ਗੁਰੂ ਕੇ ਬਾਗ ਮੋਰਚੇ ਵਿਚ ਸ਼ਾਮਲ ਹੋਣ ਕਰਕੇ ਨਾਨਕ ਸਿੰਘ ਨੂੰ ਕਿਹੜੀ ਜੇਲ੍ਹ ਵਿਚ ਰਖਿਆ ਗਿਆ ?

(v) 'ਪ੍ਰੀਤਨਗਰ' ਕਿਹੜੇ ਮਹਾਨ ਸਾਹਿਤਕਾਰ ਨੇ ਵਸਾਇਆ ਸੀ ?

(vi) 'ਅੱਧਖਿੜੀ ਕਲੀ' ਨਾਨਕ ਸਿੰਘ ਦੀ ਪਹਿਲੀ ਰਚਨਾ ਸੀ ? ਇਹ ਪਾਠਕਾਂ ਤਕ ਪਹੁੰਚੀ ਜਾਂ ਨਹੀਂ ?

(vii) ਨਾਨਕ ਸਿੰਘ ਦੇ ਕਿਹੜੇ ਨਾਵਲ ਦੀ ਕਹਾਣੀ ਉਪਰ ਹਿੰਦੀ ਫ਼ਿਲਮ ਬਣੀ ? ਇਸ ਫ਼ਿਲਮ ਨੂੰ ਕਿਸ ਨੇ ਬਣਾਇਆ ?

(viii) ਨਾਵਲਕਾਰ ਨਾਨਕ ਸਿੰਘ ਦੇ ਨਾਵਲਾਂ ਦਾ ਵਿਸ਼ਾ ਕੀ ਹੈ ?

(ix) ਨਾਨਕ ਸਿੰਘ ਦਾ ਜੀਵਨ ਕਿਸ ਸ਼ਖ਼ਸੀਅਤ ਨੇ ਬਦਲਿਆ ?

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਪਾਠ ਵਿਚ ਆਏ ਨਾਨਕ ਸਿੰਘ ਦੇ ਨਾਵਲਾਂ ਦੀ ਸੂਚੀ ਤਿਆਰ ਕਰੋ।

(ii) ਪੰਜਾਬੀ ਦੇ ਕਿਸੇ ਪ੍ਰਸਿੱਧ ਨਾਵਲਕਾਰ ਬਾਰੇ 10-15 ਸਤਰਾਂ ਵਿਚ ਲਿਖੋ।

(iii) ਨਾਨਕ ਸਿੰਘ ਦੇ ਬਚਪਨ ਬਾਰੇ ਜਾਣਕਾਰੀ 100 ਸ਼ਬਦਾਂ ਵਿਚ ਲਿਖੋ।

(iv) ਕੀ ਤੁਸੀਂ ਪੰਜਾਬੀ ਦੇ ਕਿਸੇ ਹੋਰ ਨਾਵਲਕਾਰ ਨੂੰ ਪੜ੍ਹਿਆ ਹੈ ? ਜੇ ਹਾਂ ਤਾਂ ਉਸ ਦੇ ਕਿਸੇ ਇਕ ਨਾਵਲ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

(v) ਤੁਹਾਨੂੰ ਨਾਨਕ ਸਿੰਘ ਦੇ ਜੀਵਨ ਤੋਂ ਕੀ ਪ੍ਰੇਰਨਾ ਮਿਲਦੀ ਹੈ ? ਵਿਸਤਾਰ ਵਿਚ ਲਿਖੋ।

### ਅ. ਠੀਕ ਜੋੜੇ ਬਣਾਉ :

| | | |
|---|---|---|
| (i) | ਜੇਹਲਮ | 1936 |
| (ii) | ਮੋਰਚਾ ਗੁਰੂ ਕਾ ਬਾਗ | ਡਲਹੌਜ਼ੀ |
| (iii) | ਕਾਗਦਾਂ ਦੀ ਬੇੜੀ | ਪਵਿੱਤਰ ਪਾਪੀ |
| (iv) | ਨਾਨਕ ਸਿੰਘ ਦਾ ਪਸੰਦੀਦਾ ਨਗਰ | ਪਾਕਿਸਤਾਨ |
| (v) | ਕਨੜ ਅਨੁਵਾਦ | ਬੋਰਸਟਲ ਜੇਲ੍ਹ |

### ੲ. (i) ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :

ਟੁੰਬਦੀ, ਕਹਾਨੀਕਾਰ, ਸੰਗਰਹ, ਜਲ੍ਹੀਆ ਵਾਲਾ ਬਾਗ, ਲਾਹੋਰ

### (ii) ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ :

1. ਉਹ ਜਾਂਦਾ ਹੈ ਬਜ਼ਾਰ ਰੋਜ਼ਾਨਾ।
2. ਪਿਤਾਮਾ ਹੈ ਪੰਜਾਬੀ ਨਾਵਲ ਦਾ ਨਾਨਕ ਸਿੰਘ।
3. ਹੁਣ ਹੈ ਪਾਕਿਸਤਾਨ ਵਿਚ ਚੱਕ ਹਮੀਦਾਂ।
4. ਡਲਹੌਜ਼ੀ ਹੈ ਵਿਚ ਅੰਮ੍ਰਿਤਸਰ।

**ਸ. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ :**

ਲਹੂ ਚਿੱਟਾ ਹੋਣਾ, ਖੱਲ ਉਧੇੜਨੀ, ਲਗਦੀ ਵਾਹ, ਕਮਰ ਕੱਸੇ ਕਰਨੇ, ਖੰਡ-ਖੀਰ ਹੋਣਾ,

ਛਾਪਾ ਮਾਰਨਾ, ਘੋੜੇ ਵੇਚ ਕੇ ਸੌਣਾ, ਚਾਦਰ ਵੇਖ ਕੇ ਪੈਰ ਪਸਾਰਨੇ

| | |
|---|---|
| ਬਲਰਾਜ ਸਾਹਨੀ | |
| ਮਨੋਵਿਗਿਆਨੀ | |
| 1971 | ਲੇਖਕ |

**ਹ. ਖਾਲੀ ਥਾਵਾਂ ਭਰੋ :**

(i) ਨਾਨਕ ਸਿੰਘ ਪੰਜਾਬੀ ਨਾਵਲ ਦਾ ... ਹੈ।

(ii) ਨਾਨਕ ਸਿੰਘ ਇਕ ... ਸੀ।

(iii) ਪਵਿੱਤਰ ਪਾਪੀ ਫ਼ਿਲਮ ... ਨੇ ਬਣਾਈ।

(iv) ਨਾਨਕ ਸਿੰਘ ਦਾ ਸੁਰਗਵਾਸ ... ਈਸਵੀ ਵਿਚ ਹੋਇਆ।

**ਕ. ਪੰਜਾਬੀ ਬੋਲੀ ਦੇ ਲਿਖਤੀ ਰੂਪਾਂ ਦੇ ਸ਼ੁੱਧ ਪ੍ਰਗਟਾਵੇ ਲਈ ਕਿਹੜੇ-ਕਿਹੜੇ ਵਿਸਰਾਮ ਚਿੰਨ੍ਹ ਵਰਤੇ ਜਾਂਦੇ ਹਨ। ਉਨ੍ਹਾਂ ਦੇ ਨਾਂ ਲਿਖੋ ਅਤੇ ਉਨ੍ਹਾਂ ਦੀ ਵਰਤੋਂ ਕਿਥੇ ਤੇ ਕਿਸ ਤਰ੍ਹਾਂ ਕੀਤੀ ਜਾਂਦੀ ਹੈ, ਉਦਾਹਰਨਾਂ ਸਹਿਤ ਲਿਖੋ।**